The true picture of your local community
NZ ਤਸਵੀਰ NEWS
www.nztasveernews.co.nz | ਪੰਜਾਬੀ ਅਖ਼ਬਾਰ | NZ Tasveer News

ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

0800 CLEANUS
RED CLEANING
Old & New Build House Cleaning (Inside & Outside)
Home Cleaning · Carpet Cleaning · Floor Polishing · Water Blaster · Lawn Mowing
Carpet Cleaning 3 Bedroom $95 · 5 Bedroom $135
ਹੋਮ ਕਲੀਨਿੰਗ · ਕਾਰਪੇਟ ਕਲੀਨਿੰਗ · ਫਲੋਰ ਪੋਲਿਸ਼ਿੰਗ · ਵਾਟਰ ਬਲਾਸਟਰ · ਲਾਅਨ ਮੁਵਿੰਗ
ਘਰਾਂ ਜਾਂ ਆਫਿਸ ਵਿਚ ਕਾਰਪੇਟ ਕਲੀਨਿੰਗ ਜਾਂ ਵਿੰਡੋਜ਼ ਕਲੀਨਿੰਗ ਲਈ ਅੱਜ ਹੀ ਸੰਪਰਕ ਕਰੋ
Contact : Raj 021 8740 730, 0800 253 2687
www.redcleaning.co.nz

22 October 2018 Daily, editornztasveer@gmail.com designnztasveer@gmail.com Ph/Fax: 09 390 4644 FREE

# ਪ੍ਰਧਾਨ ਮੰਤਰੀ ਜੈਸਿੰਡਾ ਆਰਡੈਨਜ਼ ਨੇ ਦੀਵਾ ਜਗਾ ਕੇ ਕੀਤੀ ਦਿਵਾਲੀ ਮੇਲੇ ਦੀ ਸ਼ੁਰੂਆਤ, ਮਹਾਤਮਾ ਗਾਂਧੀ ਦੀ 150 ਜੇਯੰਤੀ ਤੇ ਸਮਰਪਿਤ ਇੱਕ ਡਾਕ ਟਿਕਟ ਵੀ ਜਾਰੀ



ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਆਕਲੈਂਡ ਸਿਟੀ ਕਾਊਂਸਲ ਵਲੋਂ ਭਾਰਤ ਦਾ ਤਿਓਹਾਰ ਦਿਵਾਲੀ ਸਰਕਾਰੀ ਤੌਰ ਤੇ ਹਰ ਸਾਲ ਮਨਾਇਆ ਜਾਂਦਾ ਹੈ ਅਤੇ ਹਰ ਸਾਲ ਦੀ ਤਰਾਂ ਅੱਜ ਵੀ ਏਓਟੀਆ ਸਕੁਏਅਰ ਸੈਂਟਰ ਵਿਖੇ ਸ਼ੁਰੂ ਕੀਤਾ ਗਿਆ ? ਇਸ ਮੌਕੇ ਦੇਸ਼ ਦੀ ਪ੍ਰਧਾਨ ਮੰਤਰੀ ਜੈਸਿੰਡਾ ਆਰਡੈਨਜ਼ ਨੇ ਦੀਵਾ ਜਗਾ ਕੇ ਇਸ ਪ੍ਰੋਗਰਾਮ ਨੂੰ ਆਰੰਭ ਕੀਤਾ। ਇਸ ਮੌਕੇ ਭਾਰਤੀ ਹਾਈ ਕਮਿਸ਼ਨਰ ਸੰਜੀਵ ਕੋਹਲੀ, ਆਕਲੈਂਡ ਦੇ ਆਨਰੇਰੀ ਕੌਂਸਲ ਤੋਂ ਸ਼੍ਰੀ ਭਵ ਢਿਲੋਂ, ਐਥਨਿਕ ਮੰਤਰੀ ਜੈਨੀ ਸਲੇਸਾ, ਸੰਸਦ ਸ. ਕੰਵਲਜੀਤ ਸਿੰਘ ਬਖਸ਼ੀ, ਸੰਸਦ. ਪ੍ਰਿਯੰਕਾ ਰਾਧਾ ਕ੍ਰਿਸ਼ਨਨ, ਮੰਤਰੀ ਟਿੱਲ ਟਾਈਫੋਰਡ, ਆਕਲੈਂਡ ਦੇ ਮੇਅਰ ਫਿੱਲਗੌਫ ਵੀ ਹਾਜਿਰ ਸਨ। ਜਿਕਰਯੋਗ ਹੈ ਕਿ ਆਕਲੈਂਡ ਦੇ ਮੇਅਰ ਫਿੱਲਗੌਫ ਅਤੇ ਪ੍ਰਧਾਨ ਮੰਤਰੀ ਜੈਸਿੰਡਾ ਆਰਡੈਨਜ਼ ਵਲੋਂ ਭਾਰਤ ਦੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀ 150 ਜੇਯੰਤੀ ਤੇ ਸਮਰਪਿਤ ਇੱਕ ਵਿਸ਼ੇਸ਼ ਡਾਕ ਟਿਕਟ ਵੀ ਜਾਰੀ ਕੀਤੀ ਗਈ ? ਇਸ ਡਾਕ ਟਿਕਟ ਤੇ ਮਹਾਤਮਾ ਗਾਂਧੀ ਦੀ ਵਿਸ਼ੇਸ਼ ਟਿਕਟ ਜਾਰੀ ਕੀਤੀ ਗਈ ਹੈ ।

# ਆਕਲੈਂਡ ਅਦਾਲਤ 'ਚ ਪੇਸ਼ੀ ਭੁਗਤਣ ਆਇਆ ਮੁਜਰਿਮ ਪੁਲਸ ਨੂੰ ਚਕਮਾ ਦੇ ਕੇ ਫਰਾਰ

ਆਕਲੈਂਡ (ਐੱਨ ਜੈੱਡ ਤਸਵੀਰ ਬਿਊਰੋ) ਬੀਤੇ ਦਿਨੀਂ ਆਕਲੈਂਡ ਜਿਲਾ ਵਿੱਚ ਲੁੱਟ ਦੇ ਦੋਸ਼ਾਂ ਦੀ ਪੇਸ਼ੀ ਦੌਰਾਨ ਮੁਜਰਿਮ ਦੇ ਫਰਾਰ ਹੋਣ ਦੀ ਖਬਰ ਸਾਹਮਣੇ ਆਈ ਹੈ ?ਉਸ ਤੇ ਲੁੱਟ ਦੀ ਵਾਰਦਾਤ ਕਰਨ ਅਤੇ ਕਾਰ ਲੈ ਕੇ ਫਰਾਰ ਹੋਣ ਦੇ ਦੋਸ਼ ਲੱਗੇ ਸਨ ? ਜਿਸਦੇ ਚੱਲਦੇ ਉਸਨੂੰ ਵਾਇਟਾਕਰੇ ਜਿਲਾ ਅਦਾਲਤ ਵਿੱਚ ਪੇਸ਼ ਕੀਤਾ ਜਾਣਾ ਸੀ ? ਹੁਣ ਬਾਵਲਰ ਖਿਲਾਫ ਗ੍ਰਿਫਤਾਰੀ ਦੇ ਵਾਰੰਟ ਜਾਰੀ ਕੀਤੇ ਗਏ ? ਉਸ ਦੇ ਫਰਾਰ ਹੋਣ ਦੀ ਇਹ ਸਾਰੀ ਘਟਨਾ ਸੀਸੀਟੀਵੀ ਕੈਮਰਿਆਂ ਵਿੱਚ ਕੈਦ ਹੋ ਗਈ ? ਇਸ ਬਾਰੇ ਪੁਲਸ ਨੇ ਜਾਣਕਾਰੀ ਦਿੰਦਿਆਂ



ਦੱਸਿਆ ਕਿ ਬਾਵਲਰ 180 ਸੈਂਮੀ ਲੰਬਾ ਹੈ ਅਤੇ ਉਸਦੀ ਗੱਲ ਤੇ ਇੱਕ ਟੈਟੂ ਬਣਿਆ ਹੋਇਆ ਹੈ ? ਪੁਲਸ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਇਸ ਦੋਸ਼ੀ ਬਾਰੇ ਕੋਈ ਸੂਹ ਮਿਲੇ ਤਾਂ ਤੁਰੰਤ 111'ਤੇ ਦੱਸ ਦਿੱਤਾ ਜਾਵੇ।

# ਭਾਰਤੀ ਭਾਈਚਾਰਾ ਨੈਸ਼ਨਲ ਪਾਰਟੀ ਦਾ ਅਨਿੱਖੜਵਾਂ ਅੰਗ- ਸਾਈਮਨ ਬ੍ਰਿਜਸ



ਆਕਲੈਂਡ- (ਐੱਨ ਜੈੱਡ ਤਸਵੀਰ ਬਿਊਰੋ)ਆਕਲੈਂਡ ਵਿੱਚ ਹੋਏ "ਆਕਲੈਂਡ ਦੀਵਾਲੀ ਫੈਸਟੀਵਲ" ਮੌਕੇ ਸਾਈਮਨ ਬ੍ਰਿਜਸ ਵੱਲੋਂ ਨੈਸ਼ਨਲ ਮੈਂਬਰ ਪਾਰਲੀਮੈਂਟ ਕਮਲਜੀਤ ਬਖਸ਼ੀ ਅਤੇ ਹੋਰਨਾ ਮੈਂਬਰ ਪਾਰਲੀਮੈਂਟਾਂ ਦੇ ਨਾਲ ਹਾਜਰੀ ਭਰੀ ਗਈ। ਇਸ ਮੌਕੇ ਅਤੇ ਦੋ ਚੀਨੀਏ ਦੋ ਭਾਰਤੀਆਂ ਨਾਲੋਂ ਵਧੀਆਂ ਮੁੱਦੇ ਤੇ ਬੋਲਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਦੇ ਵਿਚ ਮੌਜੂਦ ਵੱਖ ਵੱਖ ਭਾਈਚਾਰਿਆਂ ਦੇ ਮੈਂਬਰਾਂ ਦਾ ਮੌਜੂਦ ਹੋਣਾ ਇਸ ਗੱਲ ਨੂੰ ਗਲਤ ਸਾਬਿਤ ਕਰਦਾ ਹੈ। ਉਨ੍ਹਾਂ ਕਿਹਾ ਕਿ ਅਸੀਂ ਮੈਂਬਰਾਂ ਦੀ ਚੋਣ ਪੈਸਿਆਂ ਜਾਂ ਫਿਰ ਕਿਸੇ ਵੀ ਜਾਤ ਆਦਿ ਦੇ ਆਧਾਰ 'ਤੇ ਨਹੀਂ ਕਰਦੇ ਬਲਕਿ ਇਹ ਮੈਂਬਰਾਂ ਦੀ ਕਾਰਗੁਜ਼ਾਰੀ ਹੈ ਜਿਸ ਚਲਦਿਆਂ ਉਹ ਪਾਰਟੀ ਵਿੱਚ ਮੌਜੂਦ ਹਨ। ਉਨ੍ਹਾਂ ਇਹ ਵੀ ਕਿਹਾ ਕਿ ਨੈਸ਼ਨਲ ਪਾਰਟੀ ਹੀ ਅਜਿਹੀ ਪਾਰਟੀ ਹੈ ਜਿਸ ਵਲੋਂ ਨਿਊਜੀਲੈਂਡ ਵਿੱਚ ਵੱਖੋ-ਵੱਖ ਭਾਈਚਾਰੇ ਦੇ ਲੋਕਾਂ ਨੂੰ ਬਿਨ੍ਹਾਂ ਕਿਸੇ ਭੇਦਭਾਵ ਸ਼ੁਮਾਰ ਕੀਤਾ ਹੈ।

# ਗੇਟਮੈਨ ਦੀ ਚੌਕਸੀ ਨਾਲ ਟਲ ਸਕਦਾ ਸੀ ਹਾਦਸਾ, ਜੀ. ਆਰ. ਪੀ. ਨੇ ਦਰਜ ਕੀਤਾ ਅਣਪਛਾਤੇ ਲੋਕਾਂ 'ਤੇ ਕੇਸ

ਜੌੜਾ ਫਾਟਕ ਅਤੇ ਸ਼ਿਵਾਲਾ ਰੇਲਵੇ ਫਾਟਕ 'ਤੇ ਬੀਤੀ ਸ਼ਾਮ ਹੋਏ ਦੁੱਖ ਭਰੇ ਰੇਲ ਹਾਦਸੇ ਕਾਰਨ ਸਟੇਸ਼ਨ 'ਤੇ ਕਾਰਜਕਾਰੀ ਜੀ. ਆਰ. ਪੀ. ਪੁਲਸ ਬਲ ਨੇ ਮਾਮਲੇ ਨੂੰ ਠੰਡਾ ਰੱਖਣ ਲਈ ਅਣਪਛਾਤੇ ਲੋਕਾਂ 'ਤੇ ਹੀ ਮਾਮਲਾ ਦਰਜ ਕਰ ਕੇ ਫਿਰ ਤੋਂ ਅਫਵਾਹਾਂ ਦਾ ਬਾਜ਼ਾਰ ਗਰਮ ਕਰ ਦਿੱਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਜੀ. ਆਰ. ਪੀ. ਨੇ ਐੱਫ. ਆਈ. ਆਰ. ਨੰਬਰ 0169 ਦਰਜ ਕੀਤੀ ਹੈ, ਜਿਸ ਵਿਚ ਉਨ੍ਹਾਂ ਅਣਪਛਾਤੇ ਲੋਕਾਂ ਨੂੰ ਦੋਸ਼ੀ ਬਣਾਇਆ ਹੈ, ਜਿਨ੍ਹਾਂ 'ਤੇ 304, 304-ਏ, 337, 338 ਤਹਿਤ ਧਾਰਾਵਾਂ ਲਾਈਆਂ ਗਈਆਂ ਹਨ। ਜੀ. ਆਰ. ਪੀ. ਦੇ ਅਧਿਕਾਰੀ ਸਬ-ਇੰਸਪੈਕਟਰ ਬਲਬੀਰ ਸਿੰਘ ਨੇ ਇਹ ਮਾਮਲਾ ਦਰਜ ਕੀਤਾ ਹੈ।

ਇਹ ਸਾਰਾ ਮਾਮਲਾ ਗੋਲਡਨ ਐਵੀਨਿਊ ਚੌਕੀ ਇੰਚਾਰਜ ਏ. ਐੱਸ. ਆਈ. ਸਤਨਾਮ ਸਿੰਘ ਦੇ ਬਿਆਨਾਂ 'ਤੇ ਦਰਜ ਕੀਤਾ ਗਿਆ ਹੈ। ਇਸ ਵਿਚ ਘਟਨਾ ਦਾ ਸਮਾਂ ਸ਼ਾਮ 6:55 ਵਜੇ ਦਿਖਾਇਆ ਗਿਆ ਹੈ, ਜਿਸ ਵਿਚ ਉਸ ਨੇ ਕਿਹਾ ਹੈ ਕਿ ਉਸ ਸਮੇਂ ਜਲੰਧਰ ਤੋਂ ਇਕ ਡੀ. ਐੱਮ. ਯੂ. ਟਰੇਨ ਨੰ. 74643 ਕਾਫ਼ੀ ਤੇਜ਼ ਰਫਤਾਰ ਨਾਲ ਆਈ ਤੇ ਉਹ ਲੋਕਾਂ ਨੂੰ ਕੁਚਲਦੀ ਹੋਈ ਚਲੀ ਗਈ। ਖਾਸ ਗੱਲ ਇਹ ਹੈ ਕਿ ਇਸ ਐੱਫ. ਆਈ. ਆਰ. ਵਿਚ ਕਿੰਨੀਆਂ ਮੌਤਾਂ ਹੋਈਆਂ ਤੇ ਕਿੰਨੇ ਜ਼ਖਮੀ ਹੋਏ, ਦੀ ਸੰਖਿਆ ਦਾ ਵਰਣਨ ਹੀ ਨਹੀਂ ਕੀਤਾ ਗਿਆ। ਹਾਲਾਂਕਿ ਇਸ ਵਿਚ ਕਿਹਾ ਗਿਆ ਹੈ ਕਿ ਅੱਗੇ ਜਾਂਚ ਦੌਰਾਨ ਜੇਕਰ ਹੋਰ ਸੱਚਾਈ ਸਾਹਮਣੇ ਆਵੇਗੀ ਤਾਂ ਫਿਰ ਉਸ ਮੁਤਾਬਿਕ ਹੀ ਮਾਮਲੇ ਵਿਚ ਧਾਰਾਵਾਂ ਵਧਾਈਆਂ ਜਾ ਸਕਦੀਆਂ ਹਨ। ਕੁਝ ਰੇਲ ਜਾਣਕਾਰਾਂ ਤੇ ਮਾਹਿਰਾਂ ਦਾ ਮੰਨਣਾ ਹੈ ਕਿ ਜੇਕਰ ਜੌੜਾ ਰੇਲਵੇ ਫਾਟਕ ਵਾਲਾ ਗੇਟਮੈਨ ਆਪਣੀ ਥੋੜ੍ਹੀ ਚੌਕਸੀ ਦਿਖਾਉਂਦਾ ਤਾਂ ਸ਼ਾਇਦ ਇਹ



FIRST INFORMATION REPORT
(Under Section 154 Cr.P.C.)
1. District: GOVT.RLY.POLICE — P.S.: GRP AMRITSAR — Year: 2018
FIR No.: 0169
2. S.No. / Acts / Sections: 1 IPC 1860 304; 2 IPC 1860 304-A; 3 IPC 1860 337; 4 IPC 1860 338
3. (a) Occurrence of offence:
1. Day: Friday — Date From: 19/10/2018 — Date To: 19/10/2018
Time Period: Pahar 7 — Time From: 18.55 hrs — Time To: 19:15 hrs
(b) Information received at P.S.: Date: 19/10/2018 — Time: 23:00 hrs
(c) General Diary Reference: Entry No.: 079 — Date & Time: 19/10/2018 23.00 hrs
Type of Information: Written
Place of Occurrence:
(a) Direction and distance from P.S.: EAST, 4 Km(s)
(b) Address
(c) In case, outside the limit of this Police Station, then Name of P.S — District(State)

ਹਾਦਸਾ ਟਲ ਸਕਦਾ ਸੀ। ਗੇਟਮੈਨ ਜੇਕਰ ਰੇਲ ਗੱਡੀ ਆਉਣ ਤੋਂ ਪਹਿਲਾਂ ਅਤੇ ਫਾਟਕ ਬੰਦ ਕਰਨ ਤੋਂ ਪਹਿਲਾਂ ਆਪਣੇ ਉੱਚ ਅਧਿਕਾਰੀਆਂ ਨੂੰ ਰੇਲ ਟ੍ਰੈਕ 'ਤੇ ਭਾਰੀ ਭੀੜ ਹੋਣ ਦੀ ਸੂਚਨਾ ਦੇ ਦਿੰਦੇ ਤਾਂ ਰੇਲ ਅਧਿਕਾਰੀ ਉਸ ਵੇਲੇ ਟਰੇਨ ਡਰਾਈਵਰ ਤੱਕ ਇਹ ਸੂਚਨਾ ਪਹੁੰਚਾ ਸਕਦੇ ਸਨ ਅਤੇ ਡਰਾਈਵਰ ਰੇਲ ਗੱਡੀ ਪਿੱਛੇ ਹੀ ਕੁਝ ਸਮੇਂ ਲਈ ਠਹਿਰਾ ਸਕਦਾ ਸੀ। ਹਾਲਾਕਿ ਹਾਦਸੇ ਵੇਲੇ ਟਰੇਨ ਦੇ ਡਰਾਈਵਰ ਨੇ ਘਟਨਾ ਵਾਲੀ ਥਾਂ 'ਤੇ ਗੱਡੀ ਲਿਜਾਂਦੇ ਸਮੇਂ ਕਾਫ਼ੀ ਹਾਰਨ ਵੀ ਵਜਾਇਆ ਪਰ ਕੋਲ ਹੀ ਰਾਵਣ ਦਹਿਨ ਦੌਰਾਨ ਹੋਣ ਵਾਲੀ ਆਤਿਸ਼ਬਾਜ਼ੀ ਅਤੇ ਪਟਾਕਿਆਂ ਦੀ ਆਵਾਜ਼ ਕਾਰਨ ਲੋਕਾਂ ਨੂੰ ਟਰੇਨ ਦੇ ਬਿਲਕੁਲ ਕੋਲ ਆਉਣ 'ਤੇ ਹੀ ਪਤਾ ਲੱਗਾ ਪਰ ਉਸ ਵੇਲੇ ਕਾਫ਼ੀ ਦੇਰ ਹੋ ਚੁੱਕੀ ਸੀ ਅਤੇ ਟਰੇਨ ਕਈਆਂ ਨੂੰ ਆਪਣੇ ਨਾਲ ਹੀ ਅੱਧਾ ਕਿਲੋਮੀਟਰ ਤੱਕ ਘਸੀਟਦੀ ਹੋਈ ਪਟੜੀ 'ਤੇ ਭੱਜਦੀ ਰਹੀ।

**ਲੋਕਾਂ ਨੇ ਚੁੱਕੇ ਮਾਮਲੇ 'ਤੇ ਕਈ ਪ੍ਰਸ਼ਨ ਚਿੰਨ੍ਹ**

ਜੀ. ਆਰ. ਪੀ. ਨੇ ਹਾਦਸੇ ਸਬੰਧੀ ਮਾਮਲਾ ਤਾਂ ਦਰਜ ਕਰ ਲਿਆ ਹੈ ਪਰ ਲੋਕਾਂ ਵੱਲੋਂ ਇਸ ਦਰਜ ਮਾਮਲੇ 'ਤੇ ਹੀ ਉਂਗਲਾਂ ਉਠਣੀਆਂ ਸ਼ੁਰੂ ਹੋ ਗਈਆਂ ਹਨ। ਕਈ ਲੋਕਾਂ ਦਾ ਕਹਿਣਾ ਸੀ ਕਿ ਉਥੇ ਪ੍ਰੋਗਰਾਮ ਦਾ ਪ੍ਰਬੰਧ ਕਰਨ ਵਾਲਿਆਂ 'ਤੇ ਮਾਮਲਾ ਦਰਜ ਹੋਣਾ ਚਾਹੀਦਾ ਸੀ ਕਿਉਂਕਿ ਉਨ੍ਹਾਂ ਨੇ ਇਸ ਪ੍ਰਤੀ ਨਾ ਤਾਂ ਕਿਸੇ ਤੋਂ ਆਗਿਆ ਲਈ ਤੇ ਨਾ ਹੀ ਲੋਕਾਂ ਨੂੰ ਸੁਰੱਖਿਆ ਪ੍ਰਤੀ ਕੋਈ ਗਾਈਡ ਲਾਈਨਸ ਜਾਰੀ ਕੀਤੀਆਂ। ਰਾਵਣ ਨੂੰ ਸਾੜਨ 'ਚ ਦੇਰੀ ਕਰਨ 'ਤੇ ਵੀ ਉੱਠੇ ਸਵਾਲ

ਇਸ ਤੋਂ ਇਲਾਵਾ ਹੋਰ ਸਾਰੇ ਸਥਾਨਾਂ 'ਤੇ ਰਾਵਣ ਦਹਿਨ ਦਾ ਸਮਾਂ ਸੂਰਜ ਛੁਪਣ ਦੇ ਸਮੇਂ ਸ਼ਾਮ 5:45 ਵਜੇ ਦਾ ਨਿਸ਼ਚਿਤ ਸੀ ਪਰ ਪ੍ਰਬੰਧਕਾਂ ਨੇ ਵੀ. ਵੀ. ਆਈ. ਪੀ. ਲੋਕਾਂ ਦੇ ਇੰਤਜ਼ਾਰ ਕਾਰਨ ਤੇ ਆਪਣਾ ਸ਼ਕਤੀ ਪ੍ਰਦਰਸ਼ਨ ਦਿਖਾਉਣ ਦੀ ਇੱਛਾ 'ਚ ਉਕਤ ਜਗ੍ਹਾ 'ਤੇ ਰਾਵਣ ਦਹਿਨ ਕਾਫ਼ੀ ਲੇਟ ਕਰ ਦਿੱਤਾ। ਇਸ ਤੋਂ ਸ਼ਾਇਦ ਪ੍ਰਬੰਧਕ ਵੀ. ਆਈ. ਪੀ. ਲੋਕਾਂ ਨੂੰ ਆਪਣੀ ਮੈਨਪਾਵਰ ਦਿਖਾਉਣਾ ਚਾਹੁੰਦੇ ਸਨ।

**ਪ੍ਰੋਗਰਾਮ 'ਚ ਦੇਰੀ 'ਤੇ ਉੱਠੇ ਕਈ ਸਵਾਲ**

ਪ੍ਰੋਗਰਾਮ 'ਚ ਦੇਰੀ ਕਾਰਨ ਹੀ ਉਥੇ ਲੋਕ ਹੋਰ ਸਥਾਨਾਂ 'ਤੇ ਦੁਸਹਿਰਾ ਦੇਖਣ ਉਪਰੰਤ ਇਥੇ ਪਹੁੰਚੇ ਤੇ ਫਿਰ ਦੇਖਦੇ ਹੀ ਦੇਖਦੇ ਲੋਕਾਂ ਦੀ ਭੀੜ ਉਥੇ ਉਮੜ ਪਈ। ਖਾਸ ਗੱਲ ਇਹ ਹੈ ਕਿ ਪ੍ਰਬੰਧਕਾਂ ਨੇ ਇਸ ਪ੍ਰਤੀ ਲੋਕਾਂ ਨੂੰ ਉਥੇ ਲਾਈਨਾਂ ਤੋਂ ਹਟਣ ਲਈ ਸਪੀਕਰ ਨਾਲ ਕੋਈ ਅਪੀਲ ਤੱਕ ਨਹੀਂ ਕੀਤੀ। ਇਸ ਦੌਰਾਨ ਜੇਕਰ ਲੋਕਾਂ ਤੇ ਪ੍ਰਬੰਧਕਾਂ ਨੇ ਚੌਕਸੀ ਦਿਖਾਈ ਹੁੰਦੀ ਤਾਂ ਇਹ ਹਾਦਸਾ ਟਲ ਸਕਦਾ ਸੀ। ਕੁਝ ਲੋਕਾਂ ਦਾ ਕਹਿਣਾ ਸੀ ਕਿ ਉਥੇ ਆਯੋਜਕਾਂ ਨੇ ਪਹਿਲਾਂ ਤੋਂ ਹੀ ਹਾਈ ਪਾਵਰ ਐੱਲ. ਈ. ਡੀ. ਲਾਈਟਾਂ ਲਾਈਆਂ ਸਨ, ਇਸ ਦਾ ਕਾਰਨ ਉਨ੍ਹਾਂ ਵੱਲੋਂ ਰਾਵਣ ਦਹਿਨ ਦੇਰ ਸ਼ਾਮ ਹੀ ਹੋਵੇਗਾ, ਇਹ ਸ਼ਾਇਦ ਪਹਿਲਾਂ ਤੋਂ ਹੀ ਤੈਅ ਸੀ।

# ਪਹਿਲੀ ਵਾਰ ਅਫਗਾਨਿਸਤਾਨ ਦੀ ਸੰਸਦ 'ਚ ਹਿੰਦੂ-ਸਿੱਖ ਪ੍ਰਤੀਨਿਧੀ



ਕਾਬੁਲ — ਅਫਗਾਨਿਸਤਾਨ 'ਚ ਹਿੰਸਾ ਦੀਆਂ ਘਟਨਾਵਾਂ ਵਿਚਾਲੇ ਹੋਈਆਂ ਸੰਸਦੀ ਚੋਣਾਂ 'ਚ ਕਰੀਬ 30 ਲੱਖ ਲੋਕਾਂ ਨੇ ਵੋਟਿੰਗ ਕੀਤੀ। ਵੋਟਰਾਂ ਦੀ ਇਹ ਗਿਣਤੀ ਪਹਿਲਾਂ ਲਾਏ ਗਏ ਅੰਦਾਜ਼ੇ ਤੋਂ ਕਿਤੇ ਵੱਧ ਹੈ। ਤਕਨੀਕੀ ਮੁਸ਼ਕਿਲਾਂ ਕਾਰਨ ਜਿਨ੍ਹਾਂ ਮਤਦਾਨ ਕੇਂਦਰਾਂ 'ਚ ਸ਼ਨੀਵਾਰ ਨੂੰ ਵੋਟਿੰਗ ਨਹੀਂ ਹੋਈ, ਉਥੇ ਐਤਵਾਰ ਨੂੰ ਵੋਟਿੰਗ ਕੀਤੀ ਗਈ। ਸਾਲ 2001 ਤੋਂ ਬਾਅਦ ਇਹ ਪਹਿਲਾਂ ਮੌਕਾ ਸੀ ਕਿ ਸੰਸਦੀ ਚੋਣਾਂ ਕਰਾਉਣ ਦੀ ਕਮਾਨ ਪੂਰੀ ਤਰ੍ਹਾਂ ਨਾਲ ਅਫਗਾਨਿਸਤਾਨ ਦੀ ਸਰਕਾਰ ਦੇ ਹੱਥ 'ਚ ਸੀ। ਚੋਣਾਂ ਦੌਰਾਨ ਕਈ ਥਾਂ ਹਿੰਸਾ ਦੀਆਂ ਘਟਨਾਵਾਂ ਵੀ ਹੋਈਆਂ ਅਤੇ ਇਨ੍ਹਾਂ 'ਚ ਘੱਟ ਤੋਂ ਘੱਟ 28 ਲੋਕਾਂ ਦੀ ਮੌਤ ਹੋ ਗਈ। ਇਨ੍ਹਾਂ 'ਚੋਂ 15 ਲੋਕਾਂ ਦੀ ਮੌਤ ਰਾਜਧਾਨੀ ਕਾਬੁਲ 'ਚ ਹੋਏ ਅੱਤਵਾਦੀ ਧਮਾਕੇ 'ਚ ਹੋਈ।ਚੋਣ ਨਤੀਜੇ ਆਉਣ 'ਚ ਕਰੀਬ 2 ਹਫਤੇ ਦਾ ਸਮਾਂ ਲੱਗ ਸਕਦਾ ਹੈ। ਸੰਯੁਕਤ ਰਾਸ਼ਟਰ ਨੇ ਚੋਣਾਂ 'ਚ ਵੱਡੀ ਗਿਣਤੀ 'ਚ ਲੋਕਾਂ ਦੇ ਵੋਟ ਪਾਉਣ ਦੀ ਤਰੀਫ ਕੀਤੀ ਹੈ। ਅਫਗਾਨਿਸਤਾਨ ਦੀਆਂ ਸੰਸਦੀ ਚੋਣਾਂ ਲਈ ਵੋਟਿੰਗ ਸਵੇਰੇ 7 ਵਜੇ ਸ਼ੁਰੂ ਹੋਈ ਅਤੇ ਕੁਝ ਸੂਬਿਆਂ 'ਚ 1 ਜਾਂ 2 ਘੰਟੇ ਦੀ ਦੇਰੀ ਨਾਲ ਚੋਣ ਪ੍ਰਕਿਰਿਆ ਸ਼ੁਰੂ ਹੋਈ। ਸੰਸਦ 'ਚ ਆਪਣੇ ਨੁਮਾਇੰਦੇ ਚੁਣਨ ਲਈ ਅਫਗਾਨਿਸਤਾਨ ਦੇ ਲੋਕ ਵੱਡੀ ਗਿਣਤੀ 'ਚ ਮਤਦਾਨ ਕੇਂਦਰਾਂ 'ਚ ਪਹੁੰਚੇ। ਅਜਿਹੇ ਸੂਬੇ ਜਿੱਥੇ ਸੁਰੱਖਿਆ ਦੀ ਸਥਿਤੀ ਬਹੁਤ ਚੰਗੀ ਨਹੀਂ ਹੈ। ਤਾਲਿਬਾਨ ਅਤੇ ਦੂਜੇ ਸੰਗਠਨਾਂ ਦੀ ਮੌਜੂਦਗੀ ਹੈ, ਉਥੇ ਵੀ ਲੋਕਾਂ ਵੱਡੀ ਗਿਣਤੀ 'ਚ ਮਤਦਾਨ ਕੇਂਦਰਾਂ 'ਚ ਵੋਟ ਪਾਉਣ ਪਹੁੰਚੇ।ਮਤਦਾਨ ਦੌਰਾਨ ਕਈ ਸੂਬਿਆਂ 'ਚ ਹਿੰਸਾ ਵੀ ਹੋਈ। ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ 'ਚ ਇਕ ਅੱਤਵਾਦੀ ਹਮਲੇ 'ਚ ਘੱਟੋਂ-ਘੱਟ 15 ਲੋਕਾਂ ਦੀ ਮੌਤ ਹੋ ਗਈ। ਮਰਨ ਵਾਲਿਆਂ 'ਚ 8 ਸੁਰੱਖਿਆ ਕਰਮੀ ਸਨ ਅਤੇ 50 ਲੋਕ ਜ਼ਖਮੀ ਵੀ ਹੋਏ ਹਨ। ਨੰਗਰਹਾਰ ਸੂਬੇ 'ਚ ਤਾਲਿਬਾਨ ਦੇ ਹਮਲੇ 'ਚ 20 ਲੋਕ ਮਾਰੇ ਗਏ ਅਤੇ 20 ਤੋਂ ਜ਼ਿਆਦਾ ਜ਼ਖਮੀ ਵੀ ਹੋਏ। ਅਜਿਹੇ 'ਚ ਵੋਟਿੰਗ ਕੇਂਦਰ ਜਿੱਥੇ ਦੇਰੀ ਨਾਲ ਮਤਦਾਨ ਸ਼ੁਰੂ ਹੋਇਆ, ਉਨ੍ਹਾਂ 'ਚੋਂ ਕੁਝ 'ਚ ਐਤਵਾਰ ਨੂੰ ਵੋਟਿੰਗ ਹੋਈ। ਹੇਠਲੀ ਸਦਨ ਦੀਆਂ 250 ਸੀਟਾਂ ਲਈ ਹੋ ਰਹੀਆਂ ਚੋਣਾਂ 'ਚ 2,566 ਉਮੀਦਵਾਰ ਮੈਦਾਨ 'ਚ ਹਨ। ਔਰਤਾਂ ਲਈ 40 ਤੋਂ ਜ਼ਿਆਦਾ ਸੀਟਾਂ ਰਾਖਵੀਆਂ ਹਨ ਪਰ ਜਿਨ੍ਹਾਂ ਔਰਤਾਂ ਨੂੰ ਮਰਦਾਂ ਦੇ ਮੁਕਾਬਲੇ ਜ਼ਿਆਦਾ ਵੋਟਾਂ ਮਿਲਣਗੀਆਂ ਉਹ ਵੀ ਸੰਸਦ ਲਈ ਚੁਣੀ ਜਾਵੇਗੀ ਮਤਲਬ ਔਰਤਾਂ ਦੀ ਗਿਣਤੀ 40 ਤੋਂ ਜ਼ਿਆਦਾ ਵੀ ਹੋ ਸਕਦੀ ਹੈ। ਇਸ ਵਾਰ ਅਫਗਾਨਿਸਤਾਨ ਦੇ ਸਿੱਖ ਅਤੇ ਹਿੰਦੂ ਭਾਈਚਾਰੇ ਲਈ ਵੀ ਇਕ ਸੀਟ ਰਿਜ਼ਰਵ ਕੀਤੀ ਗਈ ਹੈ। ਇਹ ਪਹਿਲਾਂ ਮੌਕਾ ਹੈ ਜਦੋਂ ਅਫਗਾਨਿਸਤਾਨ ਦੇ ਹੇਠਲੇ ਸਦਨ 'ਚ ਸਿੱਖ ਅਤੇ ਹਿੰਦੂ ਭਾਈਚਾਰੇ ਦਾ ਇਕ ਨੁਮਾਇੰਦਾ ਮੌਜੂਦ ਹੋਵੇਗਾ।ਦੁਨੀਆ ਭਰ ਦੀ ਮੀਡੀਆ 'ਚ ਅਫਗਾਨਿਸਤਾਨ ਦੀਆਂ ਔਰਤਾਂ ਦੇ ਬਾਰੇ 'ਚ ਕਈ ਰਿਪੋਰਟਾਂ ਆਉਂਦੀਆਂ ਹਨ। ਇਹ ਵੀ ਆਖਿਆ ਜਾਂਦਾ ਹੈ ਕਿ ਇਥੇ ਉਨ੍ਹਾਂ ਦੇ ਹਲਾਤ ਚੰਗੇ ਨਹੀਂ ਹਨ ਪਰ ਜ਼ਮੀਨੀ ਹਕੀਕਤ ਦੇਖੀ ਜਾਵੇ ਤਾਂ ਇਥੇ ਔਰਤਾਂ ਲਈ ਇਕ ਲਿਹਾਜ਼ ਤੋਂ ਹਲਾਤ ਚੰਗੇ ਹਨ ਕਿਉਂਕਿ ਜੇਕਰ ਆਲੇ-ਦੁਆਲੇ ਦੇ ਦੇਸ਼ਾਂ 'ਚ ਦੇਖੀਏ ਤਾਂ ਇੰਨੀਆਂ ਮਹਿਲਾ ਸੰਸਦ ਮੈਂਬਰ ਨਾ ਤਾਂ ਪਾਕਿਸਤਾਨ 'ਚ ਹਨ ਅਤੇ ਨਾ ਹੀ ਕਜ਼ਾਕਿਸਤਾਨ 'ਚ। ਅਫਗਾਨਿਸਤਾਨ 'ਚ ਕਈ ਮਹਿਲਾ ਮੰਤਰੀ ਅਤੇ ਉਪ ਮੰਤਰੀ ਹਨ। ਕਈ ਰਾਜਦੂਤ ਹਨ ਅਤੇ ਅਲਗ-ਅਲਗ ਵਿਭਾਗਾਂ 'ਚ ਔਰਤਾਂ ਨੂੰ ਕੰਮ ਕਰਨ ਦੀ ਸੁਵਿਧਾਵਾਂ ਮਿਲਦੀਆਂ ਹਨ। ਰਾਜਨੀਤੀ 'ਚ ਔਰਤਾਂ ਦਾ ਦਖਲ ਕਾਫੀ ਜ਼ਿਆਦਾ ਹੈ। ਮਿਸਾਲ ਦੇ ਤੌਰ 'ਤੇ ਬਲਖ ਸੂਬੇ 'ਚ ਕਰੀਬ 2 ਲੱਖ ਔਰਤਾਂ ਨੇ ਵੋਟ ਪਾ ਕੇ ਰਜਿਸਟਰੇਸ਼ਨ ਕਰਾਇਆ। ਇਥੇ ਸੁਰੱਖਿਆ ਚਿੰਤਾਵਾਂ ਕਾਰਨ ਕੁਝ ਖੇਤਰਾਂ 'ਚ ਔਰਤਾਂ ਦੀ ਹਿੱਸੇਦਾਰੀ ਕੁਝ ਘੱਟ ਹੈ।ਅਫਗਾਨਿਸਤਾਨ 'ਚ ਸ਼ਨੀਵਾਰ ਨੂੰ ਸੰਸਦੀ ਚੋਣਾਂ ਸੰਪਨ ਹੋਈਆਂ ਹਨ ਪਰ ਕੁਝ ਥਾਂਵਾਂ 'ਤੇ ਐਤਵਾਰ ਨੂੰ ਵੀ ਵੋਟਿੰਗ ਹੋਈ। ਉਥੇ ਦੱਖਣੀ ਕੰਧਾਰ 'ਚ ਚੋਣਾਂ ਇਕ ਹਫਤੇ ਲਈ ਰੱਦ ਕਰ ਦਿੱਤੀਆਂ ਗਈਆਂ ਹਨ। ਬੀਤੇ ਵੀਰਵਾਰ ਨੂੰ ਗਵਰਨਰ ਇਮਾਰਤ 'ਚ ਹੋਏ ਹਮਲੇ 'ਚ ਪੁਲਸ ਪ੍ਰਮੁੱਖ ਸਮੇਤ 2 ਲੋਕਾਂ ਦੀ ਮੌਤ ਤੋਂ ਬਾਅਦ ਸੁਰੱਖਿਆ ਪ੍ਰੀਸ਼ਦ ਦੀ ਬੈਠਕ 'ਚ ਇਹ ਫੈਸਲਾ ਲਿਆ ਗਿਆ। ਅਫਗਾਨਿਸਤਾਨ 'ਚ ਇਹ ਚੋਣਾਂ ਇਸ ਲਈ ਬਹੁਤ ਮਹੱਤਵਪੂਰਣ ਹਨ ਕਿਉਂਕਿ ਤਾਲਿਬਾਨ ਲਗਾਤਾਰ ਲੋਕਾਂ ਨੂੰ ਵੋਟਿੰਗ ਨਾ ਕਰਨ ਲਈ ਕਹਿੰਦਾ ਰਿਹਾ ਹੈ ਪਰ ਇਸ ਦੇ ਬਾਵਜੂਦ ਇਸ ਦੇ ਸ਼ਨੀਵਾਰ ਨੂੰ ਹੋਈਆਂ ਚੋਣਾਂ 'ਚ ਲੋਕਾਂ ਨੇ ਭਾਰੀ ਗਿਣਤੀ 'ਚ ਹਿੱਸਾ ਲਿਆ।